# Punjab

# BATHINDA

ਦੇਸ਼ ਸੇਵਕ
DESH SEWAK
July 1, 2026

# ਕਿਲੀ ਨਿਹਾਲ ਸਿੰਘ ਵਾਲਾ ਅਕਾਲ ਅਕੈਡਮੀ ਵਿਖੇ ਵਿਦਿਆਰਥੀਆਂ ਨੇ ਅਸੀਂ ਨਸ਼ਾ ਮੁਕਤ ਹਾਂ, ਦਰਸਾਉਂਦੀ ਮਨੁੱਖੀ ਅੱਖਰ ਰਚਨਾ ਬਣਾਈ

**ਬਠਿੰਡਾ 30 ਜੂਨ (ਗੁਰਸੇਵਕ ਸਿੰਘ ਬੀੜ, ਗੁਰਮੀਤ ਮਾਨਵਾਲਾ, ਸੁਖਦੀਪ ਧਿੰਗੜ)**

ਕੌਮਾਂਤਰੀ ਨਸ਼ਿਆਂ ਦੇ ਦੁਰ-ਉਪਯੋਗ ਦਿਵਸ ਵਾਲੇ ਦਿਨ 121ਅਕਾਲ ਅਕੈਡਮੀਆਂ ਦੇ 15 ਹਜ਼ਾਰ ਵਿਦਿਆਰਥੀਆਂ ਵੱਲੋਂ ਨਸ਼ਾ ਵਿਰੋਧੀ ਜਾਗਰੂਕਤਾ ਮੁਹਿਮ ਚ ਹਿੱਸਾ ਲਿਆ। ਇਸ ਲੜੀ ਤਹਿਤ ਅਕਾਲ ਅਕੈਡਮੀ ਕਿਲੀ ਨਿਹਾਲ ਸਿੰਘ ਵਾਲਾ ਵਿਖੇ ਪ੍ਰਿੰਸੀਪਲ ਨਰਿੰਦਰ ਕੌਰ ਢਿੱਲੋਂ ਦੀ ਅਗਵਾਈ ਹੇਠ ਵਿਦਿਆਰਥੀਆਂ ਨੇ , ਅਸੀਂ ਨਸ਼ਾ ਮੁਕਤ ਹਾਂ, ਦਰਸਾਉਂਦੀ ਮਨੁੱਖੀ ਅੱਖਰ ਰਚਨਾ ਕਰਕੇ ਨਸ਼ਿਆਂ ਵਿਰੁੱਧ ਜਾਗਰੂਕਤਾ ਮੁਹਿਮ ਦੀ ਸ਼ੁਰੂਆਤ ਕੀਤੀ ਗਈ। ਇਸ ਸਬੰਧੀ ਪ੍ਰਿੰਸੀਪਲ ਨਰਿੰਦਰ ਕੌਰ ਢਿੱਲੋਂ ਨੇ ਦੱਸਿਆ ਕਿ ਅਸੀਂ ਆਪਣੀ ਅਕੈਡਮੀ ਰਾਂਹੀ ਨਸ਼ਾ ਰੋਕਥਾਮ ਅਤੇ ਸਮਾਜਿਕ ਮੁਹਿੰਮਾਂ ਨੂੰ ਲਗਾਤਾਰ ਅੱਗੇ ਵਧਾ ਰਹੇ ਹਾਂ।ਵੱਖ ਵੱਖ ਅਕੈਡਮੀਆਂ ਦੇ ਵਿਦਿਆਰਥੀ ਪਹਿਲਾਂ ਵੀ ਇਸ ਤਰ੍ਹਾਂ ਦੀਆਂ ਵੱਡੀਆਂ ਸਮਾਜਿਕ ਮੁਹਿੰਮਾਂ ਰਾਹੀਂ ਦੋ ਵਿਸ਼ਵ ਰਿਕਾਰਡ ਅਤੇ ਇੱਕ ਲਿਮਕਾ ਬੁੱਕ ਆਫ ਰਿਕਾਰਡਜ਼ ਸਨਮਾਨ ਹਾਸਿਲ ਕਰਨ ਵਿੱਚ ਯੋਗਦਾਨ ਪਾ ਚੁੱਕੇ ਹਨ ।ਉਹਨਾਂ ਮੁਤਾਬਿਕ ਇਹ ਮੁਹਿੰਮਾਂ ਨੌਜਵਾਨ ਪੀੜੀ ਨੂੰ ਨਸ਼ਾ ਮੁਕਤ ਭਾਰਤ ਦੀ ਸਿਰਜਣਾ ਵੱਲ ਪ੍ਰੇਰਿਤ ਕਰਨ ਅਤੇ ਜਿੰਮੇਂਵਾਰ ਨਾਗਰਿਕ ਬਣਾਉਣ ਵੱਲ ਇੱਕ ਮਹੱਤਵਪੂਰਨ ਕਦਮ ਹੈ।ਅਕੈਡਮੀ ਦੇ ਵਿਦਿਆਰਥੀਆਂ ਵੱਲੋਂ ਨਸ਼ਿਆਂ ਤੋਂ ਦੂਰ ਰਹਿਣ ਲਈ ਮਨੁੱਖੀ ਅੱਖਰ ਰਚਨਾ ਕੜੀ ਬਣਾਕੇ ਸਮਾਜ ਨੂੰ ਸਨੇਹਾ ਦਿੱਤਾ ਕਿ ਨਸ਼ਿਆਂ ਤੋਂ ਦੂਰ ਰਹਿਕੇ ਆਪਣੀ ਕੁੰਦਨ ਵਰਗੀ ਦੇਹੀ ਨੂੰ ਸਮਾਜ ਪ੍ਰਤੀ ਸਮਰਪਿਤ ਕਰਕੇ ਨਸ਼ਿਆਂ ਤੋਂ ਦੂਰ ਰਹਿਣ ਦਾ ਸੱਦਾ ਦਿੱਤਾ ਜਾ ਸਕਦਾ ਹੈ , ਉਹਨਾਂ ਅੱਗੇ ਦੱਸਿਆ ਕਿ ਸਾਡੇ ਵਿੱਦਿਅਰਥੀਆਂ ਵੱਲੋਂ ਨਸ਼ਿਆਂ ਵਿਰੁੱਧ ਇੱਕ ਮੁਹਿਮ ਸ਼ੁਰੂ ਕੀਤੀ ਜਾ ਰਹੀ ਹੈ।ਜਿਹੜਾ ਕਿ ਸਾਡੀਆਂ 121 ਅਕੈਡਮੀਆਂ ਚ ਵਿੱਚ ਇੱਕੋ ਸਮੇਂ ਤੇ ਸਾਡੇ ਬੱਚਿਆਂ ਨੇ ਇਹ ਦਿਖਾਉਣ ਦੀ ਨਿਮਾਣੀ ਜਿਹੀ ਕੋਸ਼ਿਸ਼ ਕੀਤੀ ਗਈ ਹੈ, ਮਨੁੱਖੀ ਅੱਖਰ ਰਚਨਾ ਕੜੀ ਬਣਾਕੇ , ਅਸੀਂ ਨਸ਼ਾ ਮੁਕਤ ਹਾਂ, ਰਾਹੀਂ ਅਸੀਂ ਇਸ ਮੁਹਿਮ ਨੂੰ ਇੰਟਰਨੈਸ਼ਨਲ ਪੱਧਰ ਤੱਕ ਦਿਖਾਉਣਾ ਚਾਹੁੰਦੇ ਹਾਂ ।ਸਾਡੀਆਂ ਅਕੈਡਮੀਆਂ ਵਿੱਚ ਬੱਚਿਆਂ ਨੂੰ ਗੁਰਬਾਣੀ ਅਤੇ ਬਾਣੇ ਨਾਲ ਜੋੜਨ ਤੋਂ ਇਲਾਵਾ ਪੜ੍ਹਾਈ ਦੇ ਨਾਲ ਸਮਾਜਿਕ ਬੁਰਾਈਆਂ ਖ਼ਿਲਾਫ਼ ਸਮੇਂ ਸਮੇਂ ਤੇ ਐਸੇ ਉਪਰਾਲੇ ਕੀਤਾ ਜਾ ਰਹੇ ਹਨ , ਇਸ ਕਰਕੇ ਹੀ ਸਾਡੀਆਂ ਅਕੈਡਮੀਆਂ ਬਹੁਤ ਜਿਆਦਾ ਮਸ਼ਹੂਰ ਹਨ ਕਿ ਅਸੀਂ ਬੱਚਿਆਂ ਨੂੰ ਭਵਿੱਖ ਚ ਐਜੂਕੇਸ਼ਨ ਦੇ ਕੇ ਬੱਚਿਆਂ ਸਮੇਂ ਦਾ ਹਾਣੀ ਬਣਾਉਂਦੇ ਹਾਂ,ਉਹਨਾਂ ਨੂੰ ਡਰੱਗ ਫਰੀ ਰਹਿਣ ਦਾ ਗਿਆਨ ਦਿੰਨੇ ਆਂ।



ਅਜੀਤ
27 Jun 2018
Page 8

# ਅਕਾਲ ਅਕੈਡਮੀਆਂ ਦੇ ਬੱਚਿਆਂ ਨੇ 'ਅਸੀਂ ਨਸ਼ਾ ਮੁਕਤ ਹਾਂ' ਦਰਸਾਉਂਦੀ ਅਨੋਖੀ ਅੱਖਰ ਰਚਨਾ ਕੀਤੀ

ਜਗ ਬਾਣੀ

27 june,2026

# ਅਕਾਲ ਅਕੈਡਮੀਆਂ ਦੇ ਬੱਚਿਆਂ ਨੇ ਅਸੀਂ ਨਸ਼ਾ ਮੁਕਤ ਹਾਂ ਦਰਸਾਉਂਦੀ ਮਨੁੱਖੀ ਅੱਖਰ ਰਚਨਾ ਕੀਤੀ ਪੇਸ਼

ਤਲਵੰਡੀ ਸਾਬੋ, 26 ਜੂਨ (ਮੁਨੀਸ਼)-ਅੱਜ ਕੌਮਾਂਤਰੀ ਨਸ਼ਿਆਂ ਦੇ ਦੁਰਉਪਯੋਗ ਸਬੰਧੀ ਦਿਵਸ ਵਾਲੇ ਦਿਨ ਦਿ ਕਲਗੀਧਰ ਟਰੱਸਟ ਵੱਲੋਂ ਚਲਾਈਆਂ ਜਾ ਰਹੀਆਂ 121 ਅਕਾਲ ਅਕੈਡਮੀਆਂ ਦੇ 15 ਹਜ਼ਾਰ ਵਿਦਿਆਰਥੀਆਂ ਵੱਲੋਂ ਨਸ਼ਾ ਵਿਰੋਧੀ ਜਾਗਰੂਕਤਾ ਮੁਹਿੰਮ 'ਚ ਹਿੱਸਾ ਲੈਣ ਦੀ ਲੜੀ ਤਹਿਤ ਅਕਾਲ ਅਕੈਡਮੀ ਜਗਾ ਰਾਮ ਤੀਰਥ ਅਤੇ ਅਕਾਲ ਅਕੈਡਮੀ ਦਮਦਮਾ ਸਾਹਿਬ ਦੇ ਬੱਚਿਆਂ ਨੇ ਵੀ ਆਪਣੇ ਕੈਂਪਸ 'ਚ ਇਕੱਤਰ ਹੋ ਕੇ 'ਅਸੀਂ ਨਸ਼ਾ ਮੁਕਤ ਹਾਂ' ਦੇ ਅੰਗਰੇਜ਼ੀ ਅਨੁਵਾਦ ਨੂੰ ਦਰਸਾਉਂਦੇ ਮਨੁੱਖੀ ਅੱਖਰ ਰਚਨਾ ਬਣਾ ਕੇ ਨਸ਼ਿਆਂ ਤੋਂ ਦੂਰ ਰਹਿਣ ਦਾ ਸੰਕਲਪ ਦੁਹਰਾਇਆ।



ਅਸੀਂ ਨਸ਼ਾ ਮੁਕਤ ਹਾਂ' ਦੀ ਅੱਖਰ ਰਚਨਾ ਨੂੰ ਦਰਸਾਉਂਦੇ ਅਕਾਲ ਅਕੈਡਮੀ ਜਗਾ ਰਾਮ ਤੀਰਥ ਦੇ ਬੱਚੇ। (ਮੁਨੀਸ਼)

ਇਸ ਮੌਕੇ ਅਕਾਲ ਅਕੈਡਮੀ ਜਗਾ ਰਾਮ ਤੀਰਥ ਦੀ ਪ੍ਰਿੰਸੀਪਲ ਰਾਜਿੰਦਰ ਕੌਰ ਮਾਨ ਨੇ ਕਿਹਾ ਕਿ ਇਹ ਉਪਰਾਲਾ ਸਾਡੇ ਵਿਦਿਆਰਥੀਆਂ ਦੀ ਨਸ਼ਾ ਮੁਕਤ ਸਮਾਜ ਪ੍ਰਤੀ ਵਚਨਬੱਧਤਾ ਨੂੰ ਦਰਸਾਉਂਦਾ ਹੈ। ਸਾਲ ਭਰ ਚੱਲਣ ਵਾਲੇ ਜਾਗਰੂਕਤਾ ਪ੍ਰੋਗਰਾਮਾਂ, ਮੁੱਲ ਆਧਾਰਿਤ ਸਿੱਖਿਆ, ਕੌਂਸਲਿੰਗ ਅਤੇ ਨਸ਼ਾ ਰੋਕਥਾਮੀ ਗਤੀਵਿਧੀਆਂ ਰਾਹੀਂ ਸਾਡੇ ਸਕੂਲ ਨਸ਼ਾ ਮੁਕਤ ਕੈਂਪਸ ਬਣਾਈ ਰੱਖਣ ਲਈ ਲਗਾਤਾਰ ਯਤਨਸ਼ੀਲ ਹਨ। ਉੱਧਰ ਕਲਗੀਧਰ ਟਰੱਸਟ ਦੇ ਨੁਮਾਇੰਦੇ ਨੇ ਦੱਸਿਆ ਕਿ ਦਿ ਕਲਗੀਧਰ ਟਰੱਸਟ ਆਪਣੇ ਵਿੱਦਿਅਕ ਅਦਾਰਿਆਂ ਰਾਹੀਂ ਨਸ਼ਾ ਰੋਕਥਾਮ ਅਤੇ ਸਮਾਜਿਕ ਜਾਗਰੂਕਤਾ ਮੁਹਿੰਮਾਂ ਨੂੰ ਲਗਾਤਾਰ ਅੱਗੇ ਵਧਾ ਰਿਹਾ ਹੈ।

ਅਕਾਲ ਅਕੈਡਮੀਆਂ ਦੇ ਵਿਦਿਆਰਥੀ ਪਹਿਲਾਂ ਵੀ ਇਸ ਤਰ੍ਹਾਂ ਦੀਆਂ ਵੱਡੀਆਂ ਸਮਾਜਿਕ ਮੁਹਿੰਮਾਂ ਰਾਹੀਂ ਦੋ ਵਿਸ਼ਵ ਰਿਕਾਰਡ ਅਤੇ ਇਕ ਲਿਮਕਾ ਬੁੱਕ ਆਫ ਰਿਕਾਰਡਜ਼ ਸਨਮਾਨ ਹਾਸਲ ਕਰਨ ਵਿਚ ਯੋਗਦਾਨ ਪਾ ਚੁੱਕੇ ਹਨ। ਉਨ੍ਹਾਂ ਮੁਤਾਬਕ ਇਹ ਮੁਹਿੰਮਾਂ ਨੌਜਵਾਨ ਪੀੜ੍ਹੀ ਨੂੰ ਨਸ਼ਾ ਮੁਕਤ ਭਾਰਤ ਦੀ ਸਿਰਜਣਾ ਲਈ ਪ੍ਰੇਰਿਤ ਕਰਨ ਅਤੇ ਜ਼ਿੰਮੇਵਾਰ ਨਾਗਰਿਕ ਬਣਾਉਣ ਵੱਲ ਇਕ ਮਹੱਤਵਪੂਰਨ ਕਦਮ ਹੈ।

ਜਗ ਬਾਣੀ ਈ-ਪੇਪਰ

Sat,27 June 2026

Edition: bathinda bani, Page no. 3

# Indian wellness

27 june,2026

## Akal Academy Bagha Enthusiastically Participates in "We Are Drugs Free" World Record Campaign

Rama Mandi, June 26 (Balveer Singh Bagha): Akal Academy Bagha enthusiastically participated in the "We Are Drugs Free" campaign, a special initiative launched by The Kalgidhar Society, Baru Sahib, to create a world record while promoting a drug-free society through its network of Akal Academies. Students and teachers, dressed in white attire, came together with great enthusiasm and dedication to spread the message of a drug-free Punjab. Through this inspiring activity, the students raised awareness about the growing menace of drug abuse and encouraged people to stay away from addiction. Retired Punjab Police Assistant Sub-Inspector (ASI) Gurmel Singh and Karamjot Singh Sidhu (Patwari) attended the event as chief guests. Addressing the gathering, they motivated students to remain free from drugs, adopt a healthy lifestyle, and play an active role in spreading awareness within society. Speaking on the occasion, the Principal of Akal Academy Bagha emphasized that the institution is committed not only to providing quality education but also to nurturing responsible citizens. The Principal stated that the students would not only stay away from drugs themselves but would also inspire those




affected by addiction to embrace a healthier and brighter future. The programme began with the spirited slogan, "Bole So Nihal... Sat Sri Akal," creating an atmosphere of unity and enthusiasm. The discipline, dedication, and social responsibility displayed by the · and staff made 4 truly memorab. initiative proved to be a commendable step towards building a drug-free Punjab.

ਪੰਜਾਬੀ ਜਾਗਰਣ 27 june,2026

# ਨਸ਼ਾ-ਮੁਕਤ ਸਮਾਜ ਦਾ ਦਿੱਤਾ ਸੁਨੇਹਾ



# ਅਕਾਲੀ ਪੱਤ੍ਰਿਕਾ

1 july,2026


# ਕਿਲੀ ਨਿਹਾਲ ਸਿੰਘ ਵਾਲਾ ਅਕਾਲ ਅਕੈਡਮੀ ਵਿਖੇ ਵਿਦਿਆਰਥੀਆਂ ਨੇ ਮਨੁੱਖੀ ਅੱਖਰ ਰਚਨਾ ਬਣਾਈ

ਬਠਿੰਡਾ, 30 ਜੂਨ ( ਗੁਰਵਿੰਦਰ ਸਿੰਘ ਸਰਾਂ ) ਕੌਮਾਂਤਰੀ ਨਸ਼ਿਆਂ ਦੇ ਦੁਰ-ਉਪਯੋਗ ਦਿਵਸ ਵਾਲੇ ਦਿਨ 121ਅਕਾਲ ਅਕੈਡਮੀਆਂ ਦੇ 15 ਹਜ਼ਾਰ ਵਿਦਿਆਰਥੀਆਂ ਵੱਲੋਂ ਨਸ਼ਾ ਵਿਰੋਧੀ ਜਾਗਰੂਕਤਾ ਮੁਹਿੰਮ ਚ ਹਿੱਸਾ ਲਿਆ। ਇਸ ਲੜੀ ਤਹਿਤ ਅਕਾਲ ਅਕੈਡਮੀ ਕਿਲੀ ਨਿਹਾਲ ਸਿੰਘ ਵਾਲਾ ਵਿਖੇ ਪ੍ਰਿੰਸੀਪਲ ਨਰਿੰਦਰ ਕੌਰ ਢਿੱਲੋਂ ਦੀ ਅਗਵਾਈ ਹੇਠ ਵਿਦਿਆਰਥੀਆਂ ਨੇ , ਅਸੀਂ ਨਸ਼ਾ ਮੁਕਤ ਹਾਂ, ਦਰਸਾਉਂਦੀ ਮਨੁੱਖੀ ਅੱਖਰ ਰਚਨਾ ਕਰਕੇ ਨਸ਼ਿਆਂ ਵਿਰੁੱਧ ਜਾਗਰੂਕਤਾ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ। ਇਸ ਸਬੰਧੀ ਪ੍ਰਿੰਸੀਪਲ ਨਰਿੰਦਰ ਕੌਰ ਢਿੱਲੋਂ ਨੇ ਦੱਸਿਆ ਕਿ ਅਸੀਂ ਆਪਣੀ ਅਕੈਡਮੀ ਰਾਹੀਂ ਨਸ਼ਾ



ਰੋਕਥਾਮ ਅਤੇ ਸਮਾਜਿਕ ਮੁਹਿੰਮਾਂ ਨੂੰ ਲਗਾਤਾਰ ਅੱਗੇ ਵਧਾ ਰਹੇ ਹਾਂ ਵੱਖ ਵੱਖ ਅਕੈਡਮੀਆਂ ਦੇ ਵਿਦਿਆਰਥੀ ਪਹਿਲਾਂ ਵੀ ਇਸ ਤਰ੍ਹਾਂ ਦੀਆਂ ਵੱਡੀਆਂ ਸਮਾਜਿਕ ਮੁਹਿੰਮਾਂ ਰਾਹੀਂ ਦੋ ਵਿਸ਼ਵ ਰਿਕਾਰਡ ਅਤੇ ਇੱਕ ਲਿਮਕਾ ਬੁੱਕ ਆਫ ਰਿਕਾਰਡਜ਼ ਸਨਮਾਨ ਹਾਸਿਲ ਕਰਨ ਵਿੱਚ ਯੋਗਦਾਨ ਪਾ ਚੁੱਕੇ ਹਨ ਉਹਨਾਂ ਮੁਤਾਬਿਕ ਇਹ ਮੁਹਿੰਮਾਂ ਨੌਜਵਾਨ ਪੀੜ੍ਹੀ ਨੂੰ ਨਸ਼ਾ ਮੁਕਤ ਭਾਰਤ ਦੀ ਸਿਰਜਣਾ ਵੱਲ ਪ੍ਰੇਰਿਤ ਕਰਨ ਅਤੇ ਜਿੰਮੇਵਾਰ ਨਾਗਰਿਕ ਬਣਾਉਣ ਵੱਲ ਇੱਕ ਮਹੱਤਵਪੂਰਨ ਕਦਮ ਹੈ ਅਕੈਡਮੀ ਦੇ ਵਿਦਿਆਰਥੀਆਂ ਵੱਲੋਂ ਨਸ਼ਿਆਂ ਤੋਂ ਦੂਰ ਰਹਿਣ ਲਈ ਮਨੁੱਖੀ ਅੱਖਰ ਰਚਨਾ ਕਰੀ ਬਣਾਕੇ ਸਮਾਜ ਨੂੰ ਸਨੇਹਾ ਦਿੱਤਾ ਕਿ ਨਸ਼ਿਆਂ ਤੋਂ ਦੂਰ ਰਹਿਕੇ ਆਪਣੀ ਚੰਦਨ ਵਰਗੀ ਦੇਹੀ ਨੂੰ ਸਮਾਜ ਪ੍ਰਤੀ ਸਮਰਪਿਤ ਕਰਕੇ ਨਸ਼ਿਆਂ ਤੋਂ ਦੂਰ ਰਹਿਣ ਦਾ ਸੰਦੇਸ਼ ਦਿੱਤਾ ਜਾ ਸਕਦਾ ਹੈ , ਉਹਨਾਂ ਅੱਗੇ ਦੱਸਿਆ ਕਿ ਸਾਡੇ ਵਿਦਿਆਰਥੀਆਂ ਵੱਲੋਂ ਨਸ਼ਿਆਂ ਵਿਰੁੱਧ ਇੱਕ ਮੁਹਿੰਮ ਸ਼ੁਰੂ ਕੀਤੀ ਜਾ ਰਹੀ ਹੈ ਜਿਹੜਾ ਕਿ ਸਾਡੀਆਂ 121 ਅਕੈਡਮੀਆਂ ਚ ਵਿੱਚ ਇੱਕੋ ਸਮੇਂ ਤੇ ਸਾਡੇ ਬੱਚਿਆਂ ਨੇ ਇਹ ਦਿਖਾਉਣ ਦੀ ਨਿਮਾਣੀ ਜਿਹੀ ਕੋਸ਼ਿਸ਼ ਕੀਤੀ ਗਈ ਹੈ, ਮਨੁੱਖੀ ਅੱਖਰ ਰਚਨਾ ਕਰੀ ਬਣਾਕੇ , ਅਸੀਂ ਨਸ਼ਾ ਮੁਕਤ ਹਾਂ, ਰਾਹੀਂ ਅਸੀਂ ਇਸ ਮੁਹਿੰਮ ਨੂੰ ਇੰਟਰਨੈਸ਼ਨਲ ਪੱਧਰ ਤੱਕ ਦਿਖਾਉਣਾ ਚਾਹੁੰਦੇ ਹਾਂ ਸਾਡੀਆਂ ਅਕੈਡਮੀਆਂ ਵਿੱਚ ਬੱਚਿਆਂ ਨੂੰ ਗੁਰਬਾਣੀ ਅਤੇ ਬਾਣੇ ਨਾਲ ਜੋੜਨ ਤੋਂ ਇਲਾਵਾ ਪੜ੍ਹਾਈ ਦੇ ਨਾਲ ਸਮਾਜਿਕ ਬੁਰਾਈਆਂ ਖਿਲਾਫ ਸਮੇਂ ਸਮੇਂ ਤੇ ਅਜਿਹੇ ਉਪਰਾਲੇ ਕੀਤਾ ਜਾ ਰਹੇ ਹਨ , ਇਸ ਕਰਕੇ ਹੀ ਸਾਡੀਆਂ ਅਕੈਡਮੀਆਂ ਬਹੁਤ ਜਿਆਦਾ ਮਸ਼ਹੂਰ ਹਨ ਕਿ ਅਸੀਂ ਬੱਚਿਆਂ ਨੂੰ ਭਵਿੱਖ ਚ ਐਜੂਕੇਸ਼ਨ ਦੇ ਕੇ ਬੱਚਿਆਂ ਸਮੇਂ ਦਾ ਹਾਣੀ ਬਣਾਉਂਦੇ ਹਾਂ ਉਹਨਾਂ ਨੂੰ ਚੰਗਾ ਕਰੀ ਰਹਿਣ ਦਾ ਗਿਆਨ ਦਿੰਦੇ ਆਂ।